# 2020 ਵਿੱਚ ਐਬਟਸਫੋਰਡ ਵਿੱਚ ਨਵਾਂ ਕੀ ਹੈ?

ABBOTSFORD

### ਸਿਟੀ ਸਰਵਿਸ ਅਪਡੇਟ:

ਰੀ-ਸਟਾਰਟ ਬੀ.ਸੀ. ਪਲੈਨ ਦੀਆਂ ਹਦਾਇਤਾਂ ਅਨੁਸਾਰ ਐਬਟਸਫੋਰਡ ਸ਼ਹਿਰ ਵੀ ਔਣ ਵਾਲ਼ੇ ਸਮੇਂ ਵਿੱਚ ਹੌਲ਼ੀ ਹੌਲ਼ੀ ਸੇਵਾਵਾਂ ਸ਼ੁਰੂ ਕਰ ਰਿਹਾ ਹੈ, ਜਿਸ ਨਾਲ਼ ਬੰਦ ਪਈਆਂ ਸਟਵਾਵਾਂ ਦੋਵਾਰਾ ਸ਼ੁਰੂ ਹੋ ਸਕਣ। ਤਾਜ਼ੀ ਜਾਣਕਾਰੀ ਸਾਡੀ ਵੈੱਬਸਾਈਟ www.abbotsford.ca/reopening ਤੇ ਮਿਲ ਸਕਦੀ ਹੈ। ਬਹੁਤ ਸਾਰੀਆਂ ਸ਼ਹਿਰ ਦੀਆਂ ਸੇਵਾਵਾਂ ਔਨਲਾਈਨ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਏਥੋਂ ਤੱਕ ਕਿ ਟੈਕਸ ਦੇ ਭੁਗਤਾਨ ਵੀ। ਹੋਰ ਜਾਣਕਾਰੀ ਲਈ ਤੁਸੀਂ ਸਿਟੀ ਹਾਲ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰ ਦੇ 8:30 ਤੋਂ ਸ਼ਾਮ ਦੇ 4:30 ਤੱਕ ਫੋਨ 604-853-2281 ਤੇ ਕਰ ਸਕਦੇ ਹੋ।

### ਰੀ-ਕਰੀਏਸ਼ਨ ਸੈਂਟਰ ਅਪਡੇਟ:

ਐਸ ਸਮੇਂ ਸਾਰੀਆਂ ਫਸਿਲਟੀਜ਼ ਬੰਦ ਹਨ, ਇਨ੍ਹਾਂ ਨੂੰ ਖੋਲ੍ਹਣ ਲਈ, ਇਨ੍ਹਾਂ ਵਿਚਲੇ ਸਾਜ਼ੋ ਸਮਾਨਾ ਦੀ ਤਿਆਰੀ ਹੋ ਰਹੀ ਹੈ, ਇਨ੍ਹਾਂ ਦੀ ਜਾਣਕਾਰੀ ਸ਼ਹਿਰ ਦੀ ਵੈੱਬਸਾਈਟ ਜਾਂ ਸਾਡੇ ਸੋਸ਼ਲ ਮੀਡੀਆ ਤੋਂ ਲਈ ਜਾ ਸਕਦੀ ਹੈ।

### ਪਾਰਕ ਅਤੇ ਟਰੇਲਸ ਅਪਡੇਟ:

ਆਊਟ ਡੋਰ ਸਪੋਰਟਸ ਕੋਰਟਸ, ਪਾਰਕ ਅਤੇ ਟਰੇਲਸ ਅਤੇ ਪਲੇਗਰਾਊਂਡ ਖੁੱਲ ਗਏ ਹਨ। ਮਿਹਰਬਾਨੀ ਕਰਕੇ ਉਨ੍ਹਾਂ ਨੂੰ ਵਰਤਣ ਸਮੇਂ 6 ਫੁੱਟ ਦੀ ਸਰੀਰਕ ਦੂਰੀ ਦਾ ਧਿਆਨ ਰੱਖੋ।

### ਸਮਰ-ਡੇ-ਕੈਂਪਸ:

ਸਮਰ ਵਿੱਚ ਸਮਰ-ਡੇ-ਕੈਂਪ ਖੋਲ੍ਹੇ ਜਾ ਰਹੇ ਹਨ ਪ੍ਰੰਤੂ ਕੈਂਪਾਂ ਦਾ ਸਾਈਜ਼ ਛੋਟਾ ਰੱਖਿਆ ਜਾਵੇਗਾ ਅਤੇ ਸਰੀਰਕ ਦੂਰੀ ਅਤੇ ਸਿਹਤ ਸਬੰਧੀ ਹੋਰ ਗਾਈਡਲਾਈਨਾ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇਗਾ। www.abbotsford.ca/prc ਤੇ ਰਜਿਸਟਰ ਕਰੋ।

### 2020 ਦੇ ਪਰੌਪਰਟੀ ਟੈਕਸ ਅਤੇ ਪੇਮੈਂਟਸ ਦੀਆਂ ਆਪਸ਼ਨਸ:

ਪਰੌਪਰਟੀ ਟੈਕਸ, ਜੋ ਕਿ 2 ਜੁਲਾਈ 2020 ਨੂੰ ਤਾਰਨੇ ਹਨ, ਹੇਠ ਲਿਖੇ ਅਨੁਸਾਰ ਤਾਰੇ ਜਾ ਸਕਦੇ ਨੇ:

**ਔਨਲਾਈਨ ਅਦਾਇਗੀ:** ਇਹ ਤਰੀਕਾ ਸਭ ਤੋਂ ਸੌਖਾ ਹੈ, ਜਿਵੇਂ ਤੁਸੀਂ ਹੋਰ ਬੈਂਕ ਦੇ ਬਿੱਲ ਦਿੰਦੇ ਹੋ ਉਸੇ ਤਰਾਂ ਹੀ ਸਿਟੀ ਔਫ ਐਬਟਸਫੋਰਡ ਨੂੰ ਬਿੱਲ ਪੇਈ ਲਿਖਦਿਆਂ ਟੈਕਸ ਦੇ ਭੁਗਤਾਨ ਕਰ ਸਕਦੇ ਹੋ।

**ਚੈੱਕ ਰਾਹੀਂ ਭੁਗਤਾਨ:** ਤੁਸੀਂ ਚੈੱਕ ਰਾਹੀਂ ਭੁਗਤਾਨ ਕਰ ਸਕਦੇ ਹੋ ਪ੍ਰੰਤੂ ਡਾਕ ਰਾਹੀਂ ਪਹੁੰਚਾਣ ਵਿੱਚ ਲਗਦੇ ਸਮੇਂ ਦਾ ਧਿਆਨ ਰੱਖਦਿਆਂ।

**ਡਰੌਪ ਬੌਕਸਿਸ:** ਸਿਟੀ ਹਾਲ ਦੇ ਆਪਣੇ ਦੋਹਾਂ ਪਰਵੇਸ਼ ਦੁਵਾਰਾਂ ਤੇ ਬਕਸੇ ਰੱਖੇ ਹੋਏ ਹਨ, ਜਿਨ੍ਹਾਂ ਵਿੱਚ ਤੁਸੀਂ ਚੈੱਕ ਪਾ ਸਕਦੇ ਹੋ। ਯਾਦ ਰੱਖੋ ਕਿ ਕੈਸ਼ ਨਹੀਂ ਨ੍ਹਿਾਂ ਵਿੱਚ ਪੌਣਾ, ਸਿਰਫ ਚੈੱਕ ਹੀ ਪੌਣੇ ਹਨ।

**ਕਰੈਡਟ ਕਾਰਡ ਰਾਹੀਂ ਪੇਮੈਂਟ ਕਰਨੀ:** ਕਰੈਡਿਟ ਕਾਰਡ ਰਾਹੀਂ ਵੀ ਪੇਮੈਂਟ ਕੀਤੀ ਜਾ ਸਕਦੀ ਹੈ, ਪ੍ਰੰਤੂ ਸਿਰਫ ਔਨਲਾਈਨ ਤੇ ਹੀ, ਓਸ ਲਈ abbotsford.ca/creditcard ਤੇ ਜਾਵੋ।
ਹੋਮ ਓਨਰ ਗਰਾਂਟਸ: ਤੁਸੀਂ ਆਪਣੀ ਹੋਮ ਓਨਰ ਗਰਾਂ ਔਨਲਾਈਨ abbotsford.ca/hog ਤੋਂ ਕਲੇਮ ਕਰ ਸਕਦੇ ਹੋ ਜਾਂ ਟੈਕਸ ਨੋਟਿਸ ਦੇ ਹੇਠਲੇ ਪਾਸੇ ਭਰ ਕੇ ਉਸ ਨੂੰ ਸਿਟੀ ਹਾਲ ਦੇ ਤਰੌਪ ਬੌਕਸ ਵਿੱਚ ਪਾ ਸਕਦੇ ਹੋ। ਯਾਦ ਰੱਖੋ ਕਿ ਫਾਇਨੈਨਸ਼ੀਅਲ ਇਨਸਟੀਟਿਊਸ਼ਨ ਹੋਮ ਓਨਰ ਗਰਾਂਟਸ ਸਵੀਕਾਰ ਨਹੀਂ ਕਰਦੀਆਂ।

**ਹੱਥੀਂ ਅਦਾਇਗੀ ਕਰਨੀ:** ਸਿਟੀ ਹਾਲ ਪਰੌਪਰਟੀ ਟੈਕਸ ਜਮ੍ਹਾ ਕਰੌਣ ਲਈ ਜੂਨ 1 ਤੋਂ ਖੁੱਲ੍ਹਾ ਹੈ। ਕੈਸ਼ੀਅਰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰ 8:30 ਤੋਂ ਸ਼ਾਮ 4:30 ਤੱਕ ਉਪਲਭਦ ਹੋਣ੍ਹ ਗੇ। ਫਿਜ਼ੀਕਲ ਡਿਸਟੈਂਸਿੰਗ ਦਾ ਧਿਆਨ ਪੂਰਾ ਰੱਖਿਆ ਜਾਵੇਗਾ ਅਤੇ ਪਹੁੰਚਣ ਵਾਲਿਆਂ ਦੀ ਗਿਣਤੀ ਵੀ ਸੀਮਤ ਕੀਤੀ ਜਾਵੇਗੀ, ਜਿਸ ਨਾਲ਼ ਸਮਾਂ ਲੱਗ ਸਕਦਾ ਹੈ। ਏਸ ਕਰਕੇ ਔਨਲਾਈਨ ਪੇਮੈਂਟ ਵਾਰੇ ਹੀ ਵੱਧ ਸੋਚੋ। ਸਿਰਫ ਪਰੌਪਰਟੀ ਟੈਕਸ ਹੀ ਦਫਤਰ ਵਿੱਚ ਪਹੁੰਚ ਕੇ ਜਮ੍ਹਾ ਕਰਾਏ ਜਾ ਸਕਦੇ ਹਨ, ਹੋਰ ਕੁੱਝ ਨਹੀਂ।

### ਸਿਟੀ ਕੌਂਸਿਲ ਜਾਣਕਾਰੀਆਂ:

**ਪਬਲਿਕ ਹੀਅਰਿੰਗ ਵਿੱਚ ਹੋਈਆਂ ਤਬਦੀਲੀਆਂ:** ਨਵੇਂ ਫੌਰਮਿਟ ਅਨੁਸਾਰ ਫਿਜ਼ੀਕਲ ਡਿਸਟੈਂਸਿੰਘ ਰੱਖ ਕੇ ਅਤੇ ਇੱਕ ਜਗ੍ਹਾ ਤੇ ਵੱਧ ਤੋਂ ਵੱਧ 50 ਬੰਦੇ ਰੱਖ ਕੇ ਪਬਲਿਕ ਹੀਰਿੰਗਸ ਸ਼ੁਰੂ ਕੀਤੀਆਂ ਗਈਆਂ ਹਨ।

### ਸਿਟੀ ਕੌਂਸਿਲ ਬਰਾਡਕਾਸਟ:



ਸਿਟੀ ਕੌਂਸਿਲ ਦੀਆਂ ਮੀਟਿੰਗਾਂ ਅਤੇ ਏਜੰਡੇ abbotsford.ca/councilagendas ਤੋਂ ਮਿਲ ਸਕਦੇ ਹਨ। ਪਬਲਿਕ ਨੂੰ ਕੌਂਸਿਲ ਮੀਟਿੰਗਾਂ abbotsford.ca/watchcouncilonline ਤੇ ਦੇਖਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

### ਕੌਂਸਿਲ ਮੀਟਿੰਗਾਂ ਦੇ ਵੇਰਵੇ:

| | |
|---|---|
| ਜੂਨ 22 | ਬਾਅਦ ਦੋਪਹਿਰ 1:00 ਵਜੇ ਕਮੇਟੀ ਆਫ ਦੀ ਹੋਲ (ਕਮਰਾ ਨੰ: 530) |
| ਜੁਲਾਈ 6: | ਸ਼ਾਮ 3:00 ਵਜੇ ਐਗਜ਼ੈਕੁਟਿਵ ਕਮੇਟੀ |
| | ਸ਼ਾਮ 7:00 ਪਬਲਿਕ ਹੀਅਰਿੰਗ/ ਰੈਗੂਲਰ ਕੌਂਸਿਲ |
| ਜੁਲਾਈ 20 | ਸ਼ਾਮ 3 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕੌਂਸਿਲ |